# ਮਿਤੀ 25-11-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:168<br>ਮਿਤੀ:25-11-22<br>ਜੁਰਮ:379,<br>ਆਈ.ਪੀ.ਸੀ<br>ਥਾਣਾ ਫੇਸ-8 | ਰਿਸ਼ੀ ਪੁੱਤਰ ਸੁੰਦਰ ਪਾਲ ਵਾਸੀ ਮਕਾਨ ਨੰ:4697/3, ਸੈਕ:38, ਵੈਸਟ, ਚੰਡੀਗੜ੍ਹ ਉਮਰ 29 ਸਾਲ<br>88375-58142 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 02-11-22 ਨੂੰ ਸਿਟੀ ਪਾਰਕ ਸੈਕ:68, ਮੋਹਾਲੀ ਦੀ ਪਾਰਕਿੰਗ ਵਿੱਚੋ ਕੋਈ ਨਾ-ਮਾਲੂਮ ਵਿਅਕਤੀ ਮੇਰਾ ਮੋਟਰ ਸਾਈਕਲ ਨੰ:ਸੀ ਐਚ-01ਬੀਐਚ-7144 ਮਾਰਕਾ ਸਪਲੈਂਡਰ ਪਲੱਸ ਰੰਗ ਬਲੈਕ ਸਿਲਵਰ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ ਪਰ ਨਹੀ ਮਿਲਿਆ। ਹੁਣ ਮੈਨੂੰ ਪਤਾ ਲੱਗਾ ਕਿ ਵਿਜੈ ਕੁਮਾਰ ਪੁੱਤਰ ਸ਼ੇਰ ਸਿੰਘ ਵਾਸੀ ਪਿੰਡ ਹਰਸੋਲਾ, ਜਿਲ੍ਹਾ ਕੈਥਲ, ਹਰਿਆਣਾ ਦੇ ਮੋਟਰ ਸਾਈਕਲ ਨੰ:ਐਚ ਆਰ-08ਟੀ-6725 ਮਾਰਕਾ ਸਪਲੈਂਡਰ ਪਲੱਸ ਨੂੰ ਵੀ ਕੋਈ ਨਾ-ਮਾਲੂਮ ਵਿਅਕਤੀ ਪਿੰਡ ਕੁੰਬੜਾ ਤੋ ਚੋਰੀ ਕਰਕੇ ਲੈ ਗਿਆ ਹੈ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ:496<br>ਮਿਤੀ:25-11-22<br>ਜੁਰਮ:279,304ਏ, 427,ਆਈ.ਪੀ.ਸੀ<br>ਥਾਣਾ ਸੋਹਾਣਾਂ | ਸੁਖਜਿੰਦਰ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਮਧਰੇ, ਥਾਣਾ ਘੁੰਮਾਣ, ਤਹਿ:ਬਟਾਲਾ, ਜਿਲ੍ਹਾ ਗੁਰਦਾਸਪੁਰ<br>ਉਮਰ 26 ਸਾਲ<br>79860-89073 | ਨਾ-ਮਾਲੂਮ ਡਰਾਈਵਰ ਤੇ ਬੱਸ ਨੰ:ਐਚ ਆਰ-38 ਜੈੱਡ-8225 ਵੋਲਵੋ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਅੱਜ ਵਕਤ ਕਰੀਬ 12:30 ਏ ਐਮ ਦਾ ਹੋਵੇਗਾ ਮੇਰਾ ਲੜਕਾ ਸਾਹਿਲਪ੍ਰੀਤ ਸਿੰਘ ਜਿਸ ਦੀ ਉਮਰ ਕਰੀਬ 26 ਸਾਲ ਸੀ ਤੇ ਉਸਦਾ ਦੋਸਤ ਸੁਖਵਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਰਾਜਪੁਰਾ, ਜਿਲ੍ਹਾ ਪਟਿਆਲਾ ਆਪਣੀ ਕਾਰ ਨੰ:ਪੀ ਬੀ-08ਬੀਐਚ-0413 ਮਾਰਕਾ ਸਵਿਫਟ ਡਿਜਾਇਰ ਰੰਗ ਚਿੱਟਾ ਪਰ ਸਵਾਰ ਹੋ ਕੇ ਮੋਹਾਲੀ ਤੋ ਰਾਜਪੁਰਾ ਨੂੰ ਜਾ ਰਹੇ ਸਨ। ਜਦੋ ਉਹ ਸੈਕ:68/79, ਮੋਹਾਲੀ ਦੀਆ ਲਾਈਟਾ ਤੇ ਪੁੱਜੇ ਤਾਂ ਉਕਤ ਨੰਬਰੀ ਬੱਸ ਦਿੱਲੀ ਤੋ ਮਨਾਲੀ ਜਾ ਰਹੀ ਸੀ। ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਬੱਸ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਉਹਨਾਂ ਦੀ ਕਾਰ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੇਰੇ ਲੜਕੇ ਤੇ ਉਸਦੇ ਦੋਸਤ ਦੇ ਕਾਫੀ ਸੱਟਾਂ ਲੱਗੀਆ। ਜਿਹਨਾਂ ਨੂੰ ਰਾਹਗੀਰਾਂ ਨੇ ਇਲਾਜ ਲਈ ਗਰੇਸ਼ੀਅਨ ਹਸਪਤਾਲ ਸੈਕ:69, ਮੋਹਾਲੀ ਵਿਖੇ ਦਾਖਲ ਕਰਵਾਇਆ। ਜਿੱਥੇ ਮੇਰੇ ਲੜਕੇ ਸਾਹਿਲਪ੍ਰੀਤ ਸਿੰਘ ਦੀ ਦੌਰਾਨੇ ਇਲਾਜ ਮੌਤ ਹੋ ਗਈ ਤੇ ਉਸਦਾ ਦੋਸਤ ਸੁਖਵਿੰਦਰ ਸਿੰਘ ਉੱਥੇ ਜੇਰੇ ਇਲਾਜ ਹੈ। ਬਾਅਦ ਵਿੱਚ ਮੈ ਉਕਤ ਨੰਬਰੀ ਬੱਸ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ:497<br>ਮਿਤੀ:25-11-22<br>ਜੁਰਮ:279,337,<br>ਆਈ.ਪੀ.ਸੀ<br>ਥਾਣਾ ਸੋਹਾਣਾਂ | ਪੰਕਜ ਗੋਇਲ ਪੁੱਤਰ ਸ਼੍ਰੀ ਕਰਮ ਚੰਦ ਵਾਸੀ ਮਕਾਨ ਨੰ:ਬੀ-205, ਅਗਰਸੈਨ ਸੁਸਾਇਟੀ, ਸੈਕ:76, ਮੋਹਾਲੀ<br>ਉਮਰ 13 ਸਾਲ<br>98140-10286 | ਨਾ-ਮਾਲੂਮ ਡਰਾਈਵਰ ਤੇ ਕਾਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 11-11-22 ਨੂੰ ਵਕਤ ਕਰੀਬ 07:30 ਏ ਐਮ ਦਾ ਹੋਵਗਾ ਮੈ ਆਪਣੀ ਲੜਕੀ ਅਵਨੀ ਗੋਇਲ ਜਿਸ ਦੀ ਉਮਰ ਕਰੀਬ 13 ਹੈ ਨੂੰ ਸਕੂਲ ਦੀ ਬੱਸ ਚੜ੍ਹਾਉਂਣ ਲਈ ਸੁਸਾਇਟੀ ਦੇ ਗੇਟ ਸਾਹਮਣੇ ਖੜ੍ਹਾ ਸੀ। ਜਦੋ ਅਸੀ ਉੱਥੇ ਸੜਕ ਕਰਾਸ ਕਰਨ ਲੱਗੇ ਤਾਂ ਸਾਹਮਣੇ ਤੋ ਇਕ ਕਾਰ ਆਈ ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਕਾਰ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੀ ਲੜਕੀ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਮੈ ਘਬਰਾ ਗਿਆ ਤੇ ਕਾਰ ਦਾ ਨੰਬਰ ਨਹੀ ਪੜ੍ਹ ਸਕਿਆ। ਮੇਰੀ ਲੜਕੀ ਦੇ ਕਾਫੀ ਸੱਟਾਂ ਲੱਗੀਆ। ਹੁਣ ਹਸਪਤਾਲ ਤੋ ਛੁੱਟੀ ਹੋਣ ਤੋ ਬਾਅਦ ਮੈ ਉਸ ਕਾਰ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 4 | ਮੁਕੱਦਮਾ ਨੰ:129<br>ਮਿਤੀ:25-11-22<br>ਜੁਰਮ:379ਬੀ,<br>ਆਈ.ਪੀ.ਸੀ<br>ਥਾਣਾ ਫੇਸ-11 | ਵਿਨੋਦ ਪੁੱਤਰ ਰਮੇਸ਼ ਕੁਮਾਰ ਵਾਸੀ ਮਕਾਨ ਨੰ:147, ਨਿਉ ਬਾਲਮੀਕ ਕਲੋਨੀ, ਵਾਰਡ ਨੰ: 04, ਸੰਬਾਲਖਾ, ਜਿਲ੍ਹਾ ਪਾਣੀਪੱਤ, ਹਰਿਆਣਾ<br>ਉਮਰ 40 ਸਾਲ<br>93466-50006 | 04, ਨਾ-ਮਾਲੂਮ ਵਿਅਕਤੀ ਤੇ ਕਾਰ ਰੰਗ ਸਿਲਵਰ ਮਾਰਕਾ ਹੌਂਡਾ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਪ੍ਰਾਈਵੇਟ ਤੌਰ ਤੇ ਡਰਾਈਵਰ ਦੀ ਨੌਕਰੀ ਕਰਦਾ ਹਾਂ। ਹੁਣ ਮੈ ਸੰਜੇ ਕੁਮਾਰ ਪੁੱਤਰ ਜਿਲੇ ਸਿੰਘ ਵਾਸੀ ਮਕਾਨ ਨੰ:04, ਅਫਸਰ ਕਲੋਨੀ, ਵਾਰਡ ਨੰ:03, ਸੰਬਾਲਖਾ, ਜਿਲ੍ਹਾ ਪਾਣੀਪੱਤ, ਹਰਿਆਣਾ ਪਾਸ ਡਰਾਈਵਰ ਦੀ ਨੌਕਰੀ ਕਰਦਾ ਹਾਂ। ਕੱਲ ਮਿਤੀ 24-11-22 ਨੂੰ ਮੈ ਕਾਰ ਨੰ:ਐਚ ਆਰ-06ਏਬੀ-0555 ਮਾਰਕਾ ਵਰਨਾ ਰੰਗ ਚਿੱਟਾ ਪਰ ਸਵਾਰ ਹੋ ਕੇ ਆਪਣੇ ਮਾਲਕ ਦੇ ਜਾਣਕਾਰ ਨੂੰ ਛੱਡਣ ਲਈ ਸੈਕ:65, ਮੋਹਾਲੀ ਵਿਖੇ ਆਇਆ ਸੀ। ਜਦੋ ਮੈ ਉਹਨਾਂ ਨੂੰ ਛੱਡ ਕੇ ਵਾਪਸ ਜਾਣ ਲੱਗਾ ਤਾਂ ਵਕਤ ਕਰੀਬ 10:25 ਪੀ ਐਮ ਦਾ ਹੋਵੇਗਾ ਜਦੋ ਮੈ ਸੈਕ:10/11, ਮੋਹਾਲੀ ਦੀਆ ਲਾਈਟਾ ਕੋਲ ਖਾਣਾ ਖਾਣ ਲਈ ਆਪਣੀ ਕਾਰ ਖੜ੍ਹੀ ਕੀਤੀ। ਤਾਂ ਮੇਰੇ ਪਿੱਛੇ ਇਕ ਕਾਰ ਰੰਗ ਸਿਲਵਰ ਮਾਰਕਾ ਹੌਂਡਾ ਆ ਕੇ ਰੁੱਕੀ। ਜਿਸ ਵਿੱਚੋ 04, ਨਾ-ਮਾਲੂਮ ਵਿਅਕਤੀ ਉੱਤਰ ਕੇ ਮੇਰੇ ਕੋਲ ਆਏ ਤੇ ਉਹ ਮੈਨੂੰ ਪਿਸਟਲ ਦਿਖਾਕੇ ਮੇਰੀ ਕਾਰ, ਮੇਰਾ ਪਰਸ ਤੇ ਮੇਰਾ ਮੋਬਾਇਲ ਫੋਨ ਖੋਹ ਕੇ ਮੌਕੇ ਤੋ ਫਰਾਰ ਹੋ ਗਏ। ਮੈ ਕਾਫੀ ਘਬਰਾ ਗਿਆ ਤੇ ਉਹਨਾਂ ਦੀ ਕਾਰ ਦਾ ਨੰਬਰ ਨਹੀ ਪੜ੍ਹ ਸਕਿਆ। ਬਾਅਦ ਵਿੱਚ ਮੈ ਉਹਨਾਂ ਨਾ-ਮਾਲੂਮ ਵਿਅਕਤੀਆ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 5 | ਮੁਕੱਦਮਾ ਨੰ:238<br>ਮਿਤੀ:25-11-22<br>ਜੁਰਮ:15-61-85,<br>ਐਨ.ਡੀ.ਪੀ.ਐਸ ਐਕਟ<br>ਥਾਣਾ ਸਦਰ ਖਰੜ | ਸ:ਥ:ਦਵਿੰਦਰ ਸਿੰਘ<br>97797-21224 | ਹਰਪ੍ਰੀਤ ਸਿੰਘ ਪੁੱਤਰ ਜਗਦੀਸ਼ ਸਿੰਘ ਵਾਸੀ ਮਕਾਨ ਨੰ:58, ਦਲੀਪ ਨਗਰ, ਮੰਡੀ ਗੋਬਿੰਦਗੜ੍ਹ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਪੰਜ ਤਾਰਾ ਮਾਰਕੀਟ ਨਿਊ ਸੰਨੀ ਇੰਨਕਲੇਵ ਖਰੜ ਵਿਖੇ ਮੌਜੂਦ ਸੀ। ਤਾਂ ਉਕਤ ਦੋਸ਼ੀ ਸਾਹਮਣੇ ਤੋ ਐਕਟਿਵਾ ਤੇ ਸਵਾਰ ਹੋ ਕੇ ਆਉਂਦਾ ਦਿਖਾਈ ਦਿੱਤਾ। ਜਿਸ ਨੇ ਆਪਣੀ ਐਕਟਿਵਾ ਦੇ ਅੱਗੇ ਇਕ ਬੈਗ ਰੱਖਿਆ ਹੋਇਆ ਸੀ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਤੇ ਆਪਣੀ ਐਕਟਿਵਾ ਨੂੰ ਪਿੱਛੇ ਮੋੜਨ ਲੱਗਾ ਜਿਸ ਨੂੰ ਮਨ ਸ:ਥ: ਨੇ ਪੁਲਿਸ ਪਾਰਟੀ ਦੀ ਮਦਦ ਨਾਲ ਕਾਬੂ ਕੀਤਾ। ਜਿਸ ਦੇ ਬੈਗ ਦੀ ਸ਼ੱਕ ਦੀ ਬਿਨਾਹ ਤੇ ਤਲਾਸ਼ੀ ਲਈ ਗਈ। ਜਿਸ ਵਿੱਚੋ 05 ਕਿੱਲ 500 ਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ। ਬਾਅਦ ਵਿੱਚ ਉਕਤ ਦੋਸ਼ੀ ਨੂੰ ਸ:ਥ:ਬਲਬੀਰ ਸਿੰਘ ਦੇ ਹਵਾਲੇ ਕੀਤਾ ਗਿਆ ਤੇ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 6 | ਮੁਕੱਦਮਾ ਨੰ:471<br>ਮਿਤੀ:25-11-22<br>ਜੁਰਮ:302,34,<br>ਆਈ.ਪੀ.ਸੀ<br>ਥਾਣਾ ਜੀਰਕਪੁਰ | ਰਾਜ ਬਹਾਦੁਰ ਪੁੱਤਰ ਲੇਟ ਸ਼੍ਰੀ ਰਾਧਾ ਰਾਮ ਹਾਲ ਵਾਸੀ ਮਕਾਨ ਨੰ:01, ਏਕਤਾ ਵਿਹਾਰ, ਬਲਟਾਣਾਂ<br>ਉਮਰ 33 ਸਾਲ<br>82888-84091 | 1) ਪਵਨ ਸਿੰਘ ਰਾਣਾ ਪੁੱਤਰ ਅਮੀਰ ਸਿੰਘ ਵਾਸੀ ਪਿੰਡ ਢੁਮਰੀ ਬੈਜੂ, ਵਾਰਡ ਨੰ:01, ਪਤਾਹੀ ਪੂਰਵੀ, ਚਮਪਾਰਨ, ਬਿਹਾਰ<br>2) 01, ਹੋਰ ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਉਕਤ ਪਤੇ ਤੇ ਰਹਿੰਦਾ ਹਾਂ ਤੇ ਮਹਾਜਨ ਫਰਨੀਚਰ ਮੋਲ ਕਲਗੀਧਰ ਇੰਨਕਲੇਵ, ਬਲਟਾਣਾਂ ਵਿਖੇ ਨੌਕਰੀ ਕਰਦਾ ਹਾਂ। ਮੇਰੇ ਨਾਲ ਵਾਲੇ ਕਮਰੇ ਵਿੱਚ ਉਕਤ ਦੋਸ਼ੀ ਪਵਨ ਸਿੰਘ ਰਾਣਾ ਆਪਣੀ ਘਰਵਾਲੀ ਸਲੋਨੀ ਨਾਲ ਰਹਿੰਦਾ ਸੀ। ਜਿਹਨਾਂ ਪਾਸ 05 ਮਹੀਨਿਆ ਦੀ ਇਕ ਬੱਚੀ ਵੀ ਸੀ। ਸਾਡਾ ਦੋਨਾਂ ਦਾ ਬਾਥਰੂਮ ਸਾਂਝਾ ਸੀ। ਅਕਸਰ ਮੇਰੀ ਘਰਵਾਲੀ ਗਾਇਤੱਰੀ ਦਾ ਉਹਨਾਂ ਨਾਲ ਬਾਥਰੂਮ ਦੀ ਸਫਾਈ ਪਿੱਛੇ ਲੜਾਈ ਝਗੜਾ ਹੁੰਦਾ ਰਹਿੰਦਾ ਸੀ। ਹੁਣ ਕੁਝ ਦਿਨਾਂ ਤੋ ਪਵਨ ਸਿੰਘ ਰਾਣਾ ਪਾਸ ਇਕ ਨਾ-ਮਾਲੂਮ ਵਿਅਕਤੀ ਆਇਆ ਹੋਇਆ ਸੀ। ਕੱਲ ਮਿਤੀ 24-11-22 ਨੂੰ ਮੈ ਆਪਣੇ ਕੰਮ ਤੇ ਚੱਲਾ ਗਿਆ ਸੀ। ਜਦੋ ਸ਼ਾਮ ਨੂੰ ਵਕਤ 05:00 ਪੀ ਐਮ ਪਰ ਮੈ ਆਪਣੇ ਘਰ ਵਾਪਸ ਆ ਕੇ ਦੇਖਿਆ ਤਾਂ ਮੇਰੀ ਘਰਵਾਲੀ ਦੀ ਕਮਰੇ ਵਿੱਚ ਖੂਨ ਨਾਲ ਲੱਥ ਪੱਥ ਲਾਸ਼ ਪਈ ਹੋਈ ਸੀ। ਜਿਸ ਦਾ ਗਲਾ ਕਿਸੇ ਤੇਜਧਾਰ ਹਥਿਆਰ ਨਾਲ ਕੱਟਿਆ ਹੋਇਆ ਸੀ। ਫਿਰ ਮੈ ਆਪਣੇ ਪੜੋਸੀ ਪਵਨ ਸਿੰਘ ਰਾਣਾ ਬਾਰੇ ਪਤਾ ਕੀਤਾ ਤਾਂ ਮੈਨੂੰ ਪਤਾ ਲੱਗਾ ਕਿ ਪਵਨ ਸਿੰਘ ਰਾਣਾ ਤੇ ਨਾ-ਮਾਲੂਮ ਵਿਅਕਤੀ ਆਪਣਾ ਸਮਾਨ ਲੈ ਕੇ ਫਰਾਰ ਹੋ ਚੁੱਕੇ ਹਨ। ਮੈਨੂੰ ਪੂਰਾ ਯਕੀਨ ਹੈ ਕਿ ਮੇਰੀ ਘਰਵਾਲੀ ਦੀ ਹੱਤਿਆ ਪਵਨ ਸਿੰਘ ਰਾਣਾ ਤੇ ਉਸ ਨਾ-ਮਾਲੂਮ ਵਿਅਕਤੀ ਵੱਲੋ ਸੋਚੀ ਸਮਝੀ ਸਾਜਿਸ਼ ਤਹਿਤ ਕੀਤੀ ਹੈ। ਜਿਸ ਤੇ ਮੈ ਪਵਨ ਸਿੰਘ ਰਾਣਾ ਤੇ ਉਸ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |